# Visit of External Affairs Minister to Kyrgyz Republic, Kazakhstan and Armenia (October 10-13, 2021)

October 09, 2021

## ਵਿਦੇਸ਼ ਮੰਤਰੀ ਦਾ ਕਿਰਗਿਜ਼ ਗਣਰਾਜ, ਕਜ਼ਾਖਸਤਾਨ ਅਤੇ ਆਰਮੀਨੀਆ ਦਾ ਦੌਰਾ (10-13 ਅਕਤੂਬਰ, 2021)

9 ਅਕਤੂਬਰ, 2021

ਵਿਦੇਸ਼ ਮੰਤਰੀ ਡਾਕਟਰ ਐੱਸ. ਜੈਸ਼ੰਕਰ 10-13 ਅਕਤੂਬਰ, 2021 ਤੱਕ ਕਿਰਗਿਜ਼ ਗਣਰਾਜ, ਕਜ਼ਾਖਸਤਾਨ ਅਤੇ ਆਰਮੀਨੀਆ ਦਾ ਅਧਿਕਾਰਿਤ ਦੌਰਾ ਕਰਨਗੇ। ਵਿਦੇਸ਼ ਮੰਤਰੀ 10-11 ਅਕਤੂਬਰ ਤੱਕ ਕਿਰਗਿਜ਼ ਗਣਰਾਜ ਵਿਖੇ ਹੋਣਗੇ। ਵਿਦੇਸ਼ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਵੱਲੋਂ ਕਿਰਗਿਜ਼ਸਤਾਨ ਦੀ ਇਹ ਪਹਿਲੀ ਫੇਰੀ ਹੈ. ਉਹ ਕਿਰਗਿਜ਼ ਗਣਰਾਜ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਤੋਂ ਛੁੱਟ ਦੇਸ਼ ਦੇ ਵਿਦੇਸ਼ ਮੰਤਰੀ ਨਾਲ ਵੀ ਦੁਵੱਲੇ ਗੱਲਬਾਤ ਕਰਨਗੇ। ਇਸ ਦੌਰੇ ਦੌਰਾਨ ਕੁਝ ਸੰਧੀਆਂ/ MoUs ਤੇ ਹਸਤਾਖਰ ਹੋਣ ਦੀ ਸੰਭਾਵਨਾ ਵੀ ਹੈ।

11-12 ਅਕਤੂਬਰ ਤਕ ਵਿਦੇਸ਼ ਮੰਤਰੀ ਕਜ਼ਾਖਸਤਾਨ ਵਿਖੇ ਹੋਣਗੇ, ਜਿੱਥੇ ਉਹ ਨੂਰ- ਸੁਲਤਾਨ ਵਿਖੇ ਏਸ਼ੀਆ ਅੰਦਰ ਗੱਲਬਾਤ ਅਤੇ ਵਿਸ਼ਵਾਸ ਬਣਾਉਣ ਸਬੰਧੀ ਉਪਾਵਾਂ ਬਾਰੇ ਕਾਂਫਰੈਂਸ (CICA) ਦੀ 6ਵੀਂ ਮੰਤਰੀ ਪੱਧਰੀ ਮੀਟਿੰਗ ਵਿੱਚ ਹਿੱਸਾ ਲੈਣਗੇ। ਕਜ਼ਾਖਸਤਾਨ ਨੇ ਹੀ CICA ਮੰਚ ਦੀ ਸ਼ੁਰੂਆਤ ਕੀਤੀ ਸੀ ਅਤੇ ਇਹੋ ਇਸਦਾ ਮੌਜੂਦਾ ਪ੍ਰਧਾਨ ਹੈ। ਵਿਦੇਸ਼ ਮੰਤਰੀ ਵੱਲੋਂ ਕਜ਼ਾਖਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਅਤੇ ਹੋਰ ਕਜ਼ਾਖੀ ਆਗੂਆਂ ਨਾਲ ਵੀ ਗੱਲਬਾਤ ਕੀਤੇ ਜਾਣ ਦੀ ਆਸ ਹੈ।

ਵਿਦੇਸ਼ ਮੰਤਰੀ 12-13 ਅਕਤੂਬਰ ਨੂੰ ਆਰਮੀਨੀਆ ਦਾ ਦੌਰਾ ਕਰਨਗੇ। ਇਹ ਕਿਸੇ ਭਾਰਤੀ ਵਿਦੇਸ਼ ਮੰਤਰੀ ਵੱਲੋਂ ਸੁਤੰਤਰ ਆਰਮੀਨੀਆ ਦੀ ਪਹਿਲੀ ਫੇਰੀ ਹੋਵੇਗੀ। ਉਹ ਆਪਣੇ ਆਮੀਨੀਆਈ ਹਮਰੁਤਬਾਵਾਂ ਨੂੰ ਮਿਲਣਗੇ ਅਤੇ ਆਰਮੀਨਿਆਈ ਰਾਸ਼ਟਰੀ ਸਭਾ ਦੇ ਪ੍ਰਧਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਮਿਲਣਗੇ।

ਇਸ ਦੌਰੇ ਸਦਕਾ ਇੰਨਾਂ ਤਿੰਨ ਦੇਸ਼ਾਂ ਨਾਲ ਸਾਡੇ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਦੀ ਸਮੀਖਿਆ ਕਰਨ ਅਤੇ ਇਸ ਖੇਤਰ ਵਿੱਚ ਹੋਣ ਵਾਲੇ ਘਟਨਾਕ੍ਰਮ ਤੇ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲੇਗਾ। ਇਹ ਫੇਰੀ ਸਾਡੇ ਵਿਸਥਾਰਤ ਗੁਆਂਢ ਅੰਦਰਲੇ ਮੁਲਕਾਂ ਨਾਲ ਸਾਡੀ ਵਧਦੀ ਹੋਈ ਗੱਲਬਾਤ ਦੇ ਸਿਲਸਿਲੇ ਨੂੰ ਹੋਰ ਵਧਾਵੇਗੀ।

ਨਵੀਂ ਦਿੱਲੀ

9 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.